# ਵਾਹ ਵਾਹ ਤੇਰੇ ਰੰਗ ਜੋਗਿਯਾ

ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥
ਐ ਬਾਬਾ ਜੀ ਤੇਰੇ ਦਰ ਤੋਂ* ।
ਦੁਨੀਆਂ ਰਹੀ ਏ ਮੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਕਿਸੇ ਨੂੰ ਦੇਵੇਂ ਦੋ ਦੋ ਪੁੱਤਰ ॥।*
ਧੀ ਰਿਹਾ ਕੋਈ ਮੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਉਸਨੂੰ ਹੈ ਡਰ ਕਾਹਦਾ ਜੋਗੀ ॥।*
ਜਿਸਦੇ ਤੂੰ ਹੈ ਸੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਕਿਸੇ ਨੂੰ ਦੇਵੇਂ ਦੋ ਦੋ ਕਾਰਾਂ ॥।*
ਕੋਈ ਸਾਇਕਲੋ ਤੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਕੋਈ ਤਾਂ ਪੀਵੇ ਨਾਮ ਦਾ ਅੰਮ੍ਰਿਤ ॥।*
ਕੋਈ ਪੀਂਦਾ ਏ ਭੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਕਿਸੇ ਨੂੰ ਦੇਵੇਂ ਮਹਿਲ ਮੁਨਾਰੇ ॥।*
ਕੋਈ ਝੌਂਪੜੀਓ ਤੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਦੁਨੀਆਂ ਕੋਲੋਂ ਕੁਝ ਨਹੀਂ ਮੰਗਣਾ ॥।*
ਇੱਕ ਤੇਰੇ ਕੋਲੋਂ ਰਹੇ ਮੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਜੇਹੜੇ ਨਾਮ ਕਦੀ ਨਹੀਂ ਜਪਦੇ ॥।*
ਓਹੀਓ ਰਹਿੰਦੇ ਤੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ॥

ਭਵ ਸਾਗਰ ਤੋਂ ਪਾਰ ਜੇ ਲੰਘਣਾ ||*
ਚੜ੍ਹਾ ਦੇ ਨਾਮ ਦਾ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ||

ਵਿੱਕੀ ਤੇਰੀਆਂ ਭੇਟਾਂ ਗਾਵੇ |
ਸਭ ਸੰਗਤਾਂ ਨੂੰ ਨਾਲ ਨਚਾਵੇ |
ਸੋਹਣੀ ਪੱਟੀ ਵਾਲਾ ਗਾਵੇ |*
ਹੋ ਕੇ ਮਸਤ ਮਲੰਗ ਜੋਗੀਆ,
ਵਾਹ ਵਾਹ ਤੇਰੇ ਰੰਗ ਜੋਗੀਆ,
ਵਾਹ ਵਾਹ ਤੇਰੇ ਰੰਗ ||

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/25298/title/wah-wah-tere-rang-jogiya

अपने Android मोबाइल पर BhajanGanga App डाउनलोड करें और भजनों का आनंद ले |